# सारियां तो सोहना मेरा नाथ ऐ

मेरा जोगी है तारणहार भगतो,
कीने तार दिते कोई हिसाब नही,
सोहने रंग ओहदे सोहना आप वी ऐ,
सोहन मुख जेहा कोई गुराब नही,
भगत दर ते लखा करोड़ा ओहदे,
एह सच है कोई खाब नही,
कहे प्रीत बलिहार पिंड विरका दा,
मेरे नाथ दा कोई जवाब नही,

सारियां तो सोहना मेरा नाथ ऐ,
सोने दी गुफा च जिह्दा वास ऐ,
दर आये भगता दी पूरी करी जांदा हर आस ऐ,
सारियां तो सोहना मेरा नाथ ऐ

नैना दे विच नाम दी मस्ती गल विच सिंगी पाई ऐ,
गुफा च बैठा ताड़ी ला के झोली बगल सजाई ऐ,
करके दीदार ओहदा मूक जांदी जन्मा दी प्यास ऐ,
सारियां तो सोहना मेरा नाथ ऐ

रतनो दे लाल एहदी महिमा बड़ी न्यारी ऐ,
चेला एह दितात्रे दा शिव दा पुजारी ऐ,
विष्णु है पिता एह्दा लक्ष्मी माँ प्यारी ऐ,
किनी सोहनी बाबा जी दी मोर दी सवारी ऐ,
सारियां तो सोहना मेरा नाथ ऐ

उची पहाड़ी धोलगिरी ते गुफा सुनहरी सजदी ऐ,
चेत महीने उते भारी रोनक लगदी ऐ,
जोगी दी गुफा ते आ के मुक जांदी रब दी तलाश ऐ,
सारियां तो सोहना मेरा नाथ ऐ

बन जावे जोगी चेला गोरख ने चाहेया सी,
सारी मंडली दे नाल घेरा आ के पाया सी,
मुन्द्रा कना च पा लै जोगी नु सुनाया सी,
गोरख दी वाह ना चली बड़ा जोर लाया सी,
सारियां तो सोहना मेरा नाथ ऐ.....

नाथ जिह्वा ते रेहमता करदा कखो लख बना देंदा,
एतवार जो रोट ने देंदे घरे बरकता पा देंदा,
प्रेत बलिहार दे वी घर विच बाबे दा निवास ऐ,
सारियां तो सोहना मेरा नाथ ऐ

ਮੇਰਾ ਜੋਗੀ ਹੈ, ਤਾਰਣਹਾਰ ਭਗਤੋ,
ਕਿੰਨੇ ਤਾਰ ਦਿੱਤੇ, ਕੋਈ ਹਿਸਾਬ ਨਹੀਂ।
ਸੋਹਣੇ ਰੰਗ ਓਹਦੇ, ਸੋਹਣਾ ਆਪ ਵੀ ਏ,
ਸੋਹਣਾ ਮੁੱਖ ਜੇਹਾ, ਕੋਈ ਗੁਰਾਬ ਨਹੀਂ।
ਭਗਤ ਦਰ ਤੇ, ਲੱਖਾਂ ਕਰੋੜ ਓਹਦੇ,
ਇਹ ਸੱਚ ਹੈ, ਕੋਈ ਖਾਬ ਨਹੀਂ।
ਕਹੇ ਪ੍ਰੀਤ ਬਲਿਹਾਰ, ਪਿੰਡ ਵਿਰਕਾਂ ਦਾ,
ਮੇਰੇ ਨਾਥ ਦਾ, ਕੋਈ ਜਬਾਬ ਨਹੀਂ॥

ਸਾਰਿਆਂ ਤੋਂ ਸੋਹਣਾ॥ ਮੇਰਾ ਨਾਥ ਏ,
ਸੋਨੇ ਦੀ ਗੁਫਾ 'ਚ ਜੀਹਦਾ ਵਾਸ ਏ॥
ਦਰ ਆਏ ਭਗਤਾਂ ਦੀ॥, ਪੂਰੀ ਕਰੀ ਜਾਂਦਾ, ਹਰ ਆਸ ਏ*,,,
ਸਾਰਿਆਂ ਤੋਂ ਸੋਹਣਾ,,,,,,,,,,,,,,,,

ਨੈਣਾਂ ਦੇ ਵਿੱਚ ਨਾਮ ਦੀ ਮਸਤੀ, "ਗਲ਼ ਵਿੱਚ ਸਿੰਗੀ ਪਾਈ ਏ"।
ਗੁਫ਼ਾ 'ਚ ਬੈਠਾ ਤਾੜੀ ਲਾ ਕੇ,"ਝੋਲੀ ਬਗ਼ਲ ਸਜਾਈ ਏ"॥
ਕਰਕੇ ਦੀਦਾਰ ਓਹਦਾ॥, ਮੁੱਕ ਜਾਂਦੀ, ਜਨਮਾਂ ਦੀ ਪਿਆਸ ਏ*,,,
ਸਾਰਿਆਂ ਤੋਂ ਸੋਹਣਾ,,,,,,,,,,,,,,,,

ਰਤਨੋ ਦੇ ਲਾਲ ਏਹਦੀ, ਮਹਿਮਾ ਬੜੀ ਨਿਆਰੀ ਏ*।
ਚੇਲਾ ਏਹ ਦਿੱਤਾਤ੍ਰੇ ਦਾ, ਸ਼ਿਵ ਦਾ ਪੁਜਾਰੀ ਏ*।
ਵਿਸ਼ਨੂੰ ਹੈ ਪਿਤਾ ਏਹਦਾ, ਲਕਸ਼ਮੀ ਮਾਂ ਪਿਆਰੀ ਏ*।
ਕਿੰਨੀ ਸੋਹਣੀ ਬਾਬਾ ਜੀ ਦੀ॥, ਮੋਰ ਦੀ ਸਵਾਰੀ ਏ*,,,
ਸਾਰਿਆਂ ਤੋਂ ਸੋਹਣਾ,,,,,,,,,,,,,,,,

ਉੱਚੀ ਪਹਾੜੀ ਧੌਲਗਿਰੀ ਤੇ, "ਗੁਫ਼ਾ ਸੁਨਿਹਰੀ ਸੱਜਦੀ ਏ"।
ਚੇਤ ਮਹੀਨੇ ਮੰਦਿਰਾਂ ਉੱਤੇ, "ਭਾਰੀ ਰੌਣਕ ਲੱਗਦੀ ਏ"॥
ਜੋਗੀ ਦੀ ਗੁਫ਼ਾ ਤੇ ਆ ਕੇ॥, ਮੁੱਕ ਜਾਂਦੀ, ਰੱਬ ਦੀ ਤਲਾਸ਼ ਏ*,,,
ਸਾਰਿਆਂ ਤੋਂ ਸੋਹਣਾ,,,,,,,,,,,,,,,,

ਬਣ ਜਾਵੇ ਜੋਗੀ ਚੇਲਾ, ਗੋਰਖ ਨੇ ਚਾਹਿਆ ਸੀ*।
ਸਾਰੀ ਮੰਡਲੀ ਦੇ ਨਾਲ, ਘੇਰਾ ਆ ਕੇ ਪਾਇਆ ਸੀ*।
ਮੁੰਦਰਾਂ ਕੰਨਾਂ ਚ ਪਾ ਲੈ, ਜੋਗੀ ਨੂੰ ਸੁਣਾਇਆ ਸੀ*।
ਗੋਰਖ ਦੀ ਵਾਹ ਨਾ ਚੱਲੀ॥, ਬੜਾ ਜ਼ੋਰ ਲਾਇਆ ਸੀ*,,,
ਸਾਰਿਆਂ ਤੋਂ ਸੋਹਣਾ,,,,,,,,,,,,,,,,

ਨਾਥ ਜਿਹਨਾਂ ਤੇ ਰਹਿਮਤਾਂ ਕਰਦਾ, "ਕੱਖੋਂ ਲੱਖ ਬਣਾ ਦੇਂਦਾ"।
ਐਤਵਾਰ ਜੋ ਰੋਟ ਨੇ ਦੇਂਦੇ, "ਘਰੇ ਬਰਕਤਾਂ ਪਾ ਦੇਂਦਾ"॥
ਪ੍ਰੀਤ ਬਲਿਹਾਰ ਦੇ ਵੀ॥, ਘਰ ਵਿੱਚ ਬਾਬੇ ਦਾ, ਨਿਵਾਸ ਏ*,,,
ਸਾਰਿਆਂ ਤੋਂ ਸੋਹਣਾ,,,,,,,,,,,,,,,,
ਅਪਲੋਡਰ- ਅਨਿਲਰਾਮੂਰਤੀਭੋਪਾਲ

https://www.bhajanganga.com/bhajan/lyrics/id/13177/title/sareya-to-sohna-mera-nath-e

अपने Android मोबाइल पर BhajanGanga App डाउनलोड करें और भजनों का आनंद ले |